Assignment- 1 Subject: - Punjabi Class: - V Teacher: - Mrs. Nirmal Kaur

Name: ______________ Class & Sec: _______________ Roll No. ______ Date: __.07.2020

# 3 ਮੋਰ

ਪਾਠ ਦਾ ਉਦੇਸ਼ — ਭਾਰਤ ਦੇ ਰਾਸ਼ਟਰੀ ਪੰਛੀ ਮੋਰ ਬਾਰੇ ਜਾਣਕਾਰੀ ਪ੍ਰਦਾਨ ਕਰਨਾ।

ਕਿਸੇ ਵੀ ਰਾਸ਼ਟਰ ਦਾ ਰਾਸ਼ਟਰੀ ਪੰਛੀ ਹੋਣ ਲਈ ਉਸ ਪੰਛੀ ਦਾ ਪਹਿਲਾਂ ਤਾਂ ਦੇਸ਼ੋਂ ਉਦੋਂ ਵੇ ਜ਼ਰੂਰੀ ਹੈ ਅਤੇ ਉਸ ਦੇਸ ਅੰਦਰ ਉਹ ਆਮ ਪਾਇਆ ਜਾਣਾ ਚਾਹੀਦਾ ਹੈ। ਭਾਰਤ ਦੇਸ਼ ਅਤੇ ਮੋਰ ਹੀ ਇੱਕ ਅਜਿਹਾ ਪੰਛੀ ਹੈ ਜਿਸ ਨੂੰ ਪ੍ਰਾਚੀਨ ਕਾਲ ਤੋਂ ਜਾਣਿਆ ਪਛਾਣਿਆ ਗਿਆ ਹੈ ਨੱਗਾਰ ਦਾ ਜ਼ਿਕਰ ਭਾਰਤੀ ਸਾਹਿਤ ਅਤੇ ਸੰਸਕ੍ਰਿਤੀ ਵਿੱਚ ਆਮ ਮਿਲਦਾ ਹੈ। ਇਹ ਪੰਛੀ ਭਾਰਤੀ ਹ ਲੋ ਗੀਤਾਂ ਦਾ ਹਿੱਸਾ ਵੀ ਹੈ। ਇਸ ਲਈ ਮੋਰ ਨੂੰ ਰਾਸ਼ਟਰੀ ਪੰਛੀ ਹੋਣ ਦਾ ਮਾਣ ਪ੍ਰਾਪਤ ਹੈ।



ਜਦੋਂ ਭਾਰਤ ਦੇ ਰਾਸ਼ਟਰੀ ਪੰਛੀ ਨੂੰ ਘੋਸ਼ਿਤ ਕਰਨ ਦੀ ਚੋਣ ਹੋ ਰਹੀ ਸੀ ਤਾਂ ਉਸ ਸ਼ ਵਾਤਾਵਰਨ ਸ਼ਾਸਤਰੀ ਰਾਮਾ ਕ੍ਰਿਸ਼ਨਨ ਨੇ ਕੁਝ ਨਿਰਦੇਸ਼ ਜਾਰੀ ਕੀਤੇ ਸਨ। ਉਹਨਾਂ ਕਿ ਕਿ ਜਿਸ ਪੰਛੀ ਨੂੰ ਚੁਣਿਆ ਜਾਏ ਉਸ ਨੂੰ ਸਿਰਫ਼ ਵੇਖ ਕੇ ਹੀ ਨਹੀਂ ਸਗੋਂ ਉਸ ਦੇ ਰੇਖਾ ਚਿੱਤ ਉਸ ਦੀ ਪਹਿਚਾਣ ਹੋ ਜਾਣੀ ਚਾਹੀਦੀ ਹੈ। ਅਰਥਾਤ ਕਾਗ਼ਜ਼ 'ਤੇ ਪੈੱਨਸਿਲ ਰੱਖ ਕੇ ਹੱਥ ਚੁੱਕੇ ਬਾਹਰੀ ਆਕ੍ਰਿਤੀ ਖਿੱਚਦੇ ਹੀ ਪੰਛੀ ਦੀ ਪਹਿਚਾਣ ਹੋ ਜਾਣੀ ਚਾਹੀਦ ਮੋਰ ਇਸ ਕਸੌਟੀ ਤੇ ਵੀ ਪੂਰਾ ਉਤਰਿਆ ਅਤੇ ਇਸ ਲਈ ਉਸ ਨੂੰ ਰਾਸ਼ਟਰੀ ਪੰਛੀ ਬ ਦਾ ਸਨਮਾਨ ਪ੍ਰਾਪਤ ਹੋ ਗਿਆ।

ਗੂੜ੍ਹੇ ਨੀਲੇ ਅਤੇ ਚਮਕੀਲੇ ਰੰਗ ਵਾਲੇ ਇਸ ਪੰਛੀ ਦੀ ਲੰਬਾਈ ਆਮ ਤੌਰ ਤੇ ਇੱਕ ਮੀਟਰ ਹੁੰਦੀ ਹੈ। ਇਸ ਦੇ ਖੰਭ ਬਹੁਤ ਲੰਬੇ ਹੁੰਦੇ ਹਨ।



ਇਸ ਦੀ ਅਸਲੀ ਸੁੰਦਰਤਾ ਦਾ ਨਜ਼ਾਰਾ ਉਦੋਂ ਵੇਖਣ ਵਾਲਾ ਹੁੰਦਾ ਹੈ ਜਦ ਇਹ ਖ਼ੁਸ਼ ਹੁੰਦਾ ਹੈ ਅਤੇ ਖ਼ੁਸ਼ੀ ਵਿੱਚ ਖੰਭ ਖਿਲਾਰ ਕੇ ਪੈਲ ਪਾਉਣ ਲੱਗਦਾ ਹੈ, ਇਸ ਦੇ ਖਿਲਰੇ ਖੰਭਾਂ ਦਾ ਸਮੂਹ ਮਨ ਮੋਹ ਲੈਂਦਾ ਹੈ। ਇਸ ਦਾ ਨ੍ਰਿਤ ਵੀ ਵੇਖਣ ਯੋਗ ਹੁੰਦਾ ਹੈ। ਇਹ ਮਨ ਮੌਜੀ ਪੰਛੀ ਹੈ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਦੇ ਸਾਹਿਤ ਵਿੱਚ ਇਸ ਦਾ ਨਿਵੇਕਲਾ ਸਥਾਨ ਹੈ।

ਇਸ ਦਾ ਮਨ ਭਾਉਂਦਾ ਭੋਜਨ ਅਨਾਜ, ਬਨਸਪਤੀ, ਕੀੜੇ ਮਕੌੜੇ, ਸੱਪ ਆਦਿ ਹੈ। ਇਸ ਨੂੰ ਉੱਡਣ ਦੀ ਇੱਛਾ ਬਹੁਤ ਘੱਟ ਹੁੰਦੀ ਹੈ। ਰਾਤ ਵੇਲੇ ਇਹ ਕਿਸੇ ਰੁੱਖ ਤੇ ਬੈਠ ਜਾਂਦਾ ਹੈ ਇਸ ਦੀ ਆਵਾਜ਼ ਬਿੱਲੀ ਦੀ ਅਵਾਜ਼ ਨਾਲ ਮਿਲਦੀ ਜੁਲਦੀ ਹੈ। ਜਦ ਇਹ ਪੈਲ ਪਾਉਂਦਾ ਹੈ ਤਾਂ ਇਸ ਦੇ ਕਈ ਖੰਭ ਡਿੱਗ ਜਾਂਦੇ ਹਨ ਲੋਕ ਘਰਾਂ ਵਿੱਚ ਇਸ ਦੇ ਖੰਭਾਂ ਨੂੰ ਰੱਖਣਾ ਸ਼ੁੱਭ ਮੰਨਦੇ ਹਨ। ਬਾਲਾਂ ਨੂੰ ਇਸ ਦੇ ਖੰਭ ਖ਼ੂਬ ਭਾਉਂਦੇ ਹਨ।

ਮੋਰ ਦੇ ਰਾਸ਼ਟਰੀ ਪੰਛੀ ਹੋਣ ਕਰਕੇ ਇਸ ਦੇ ਸ਼ਿਕਾਰ ਕਰਨ ਅਤੇ ਇਸ ਨੂੰ ਪਿੰਜਰੇ ਵਿੱਚ ਕੈਦ ਕਰਨ ਦੀ ਸਖ਼ਤ ਮਨਾਹੀ ਹੈ। ਇਸ ਦਾ ਸ਼ਿਕਾਰ ਕਰਨ ਵਾਲੇ ਨੂੰ ਸਜ਼ਾ ਹੋ ਸਕਦੀ ਹੈ।



**ਯਾਦ ਰੱਖਣ ਯੋਗ ਗੱਲਾਂ :**

- ਰਾਸ਼ਟਰੀ ਚਿੰਨ੍ਹ ਕਿਸੇ ਵੀ ਰਾਸ਼ਟਰ ਦੀ ਪਛਾਣ ਦਾ ਅਧਾਰ ਹੁੰਦੇ ਹਨ।
- ਭਾਰਤੀ ਸੰਸਕ੍ਰਿਤੀ ਨਾਲ ਡੂੰਘਾ ਸੰਬੰਧ ਹੋਣ ਅਤੇ ਸੁੰਦਰ ਪੰਛੀ ਹੋਣ ਕਰਕੇ ਮੋਰ ਨੂੰ ਭਾਰਤ ਦਾ ਰਾਸ਼ਟਰੀ ਪੰਛੀ ਹੋਣ ਦਾ ਮਾਣ ਪ੍ਰਾਪਤ ਹੈ।

**ਔਖੇ ਸ਼ਬਦਾਂ ਦੇ ਅਰਥ**

ਰਾਸ਼ਟਰ — ਦੇਸ਼ (nation); ਪ੍ਰਾਚੀਨ — ਪੁਰਾਤਨ, ਪੁਰਾਣਾ (ancient); ਕਾਲ — ਸਮਾਂ (tim
ਘੋਸ਼ਿਤ — ਐਲਾਨ (declare); ਨਿਰਦੇਸ਼ — ਹਦਾਇਤਾਂ (instructions); ਕਮੇਟੀ — ਮਾਪ
(criteria); ਸਨਮਾਨ — ਇੱਜ਼ਤ (honour); ਨਜ਼ਾਰਾ — ਦ੍ਰਿਸ਼ (scene); ਨ੍ਰਿਤ —
(dance); ਨਿਵੇਕਲਾ — ਵਿਲੱਖਣ, ਅਦੁੱਤੀ (unique)

**ਆਓ ! ਯੋਗਤਾ ਪਰਖੀਏ**



## ਮੌਖਿਕ ਪ੍ਰਸ਼ਨ (ORAL Q.)

(1) ਸ਼ੁੱਧ ਉਚਾਰਨ ਕਰੋ -

ਰਾਸ਼ਟਰੀ, ਪ੍ਰਾਚੀਨ, ਸੰਸਕ੍ਰਿਤੀ, ਘੋਸ਼ਿਤ, ਵਾਤਾਵਰਨ, ਨਿਰਦੇਸ਼, ਪ

(2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਜ਼ੁਬਾਨੀ ਦਿਓ -

(ੳ) ਰਾਸ਼ਟਰੀ ਚਿੰਨ੍ਹ ਕੀ ਹੁੰਦੇ ਹਨ? (ਕਿਸੇ ਦੀ ਰਾਸ਼ਟਰ ਦੀ

(ਅ) ਭਾਰਤ ਦਾ ਰਾਸ਼ਟਰੀ ਪੰਛੀ ਕੌਣ ਹੈ? ਮੋਰ

(ੲ) ਮੋਰ ਕਿਹੋ ਜਿਹਾ ਪੰਛੀ ਹੁੰਦਾ ਹੈ? ਬਹੁਤ ਸੁੰਦਰ

(ਸ) ਕੀ ਤੁਸੀਂ ਕਦੇ ਮੋਰ ਵੇਖਿਆ ਹੈ? ਹਾਂ ਜੀ